## <u>ਇਤਿਹਾਸ</u>

ਪੰਜਾਬ ਪੁਲਿਸ ਦਾ ਇਤਿਹਾਸ ਅਤਿ ਗੌਰਵਸ਼ਾਲੀ ਰਿਹਾ ਹੈ ਅਤੇ ਇਹ ਅਪਣੇ ਕਰਤਬ ਨੂੰ ਤਰਜੀਹ ਦੇਣ ਲਈ ਪ੍ਰਸਿੱਧ ਹੈ। ਇਥੋਂ ਤੱਕ ਕਿ ਸੁਤੰਤਰਤਾ ਤੋਂ ਪਹਿਲਾ ਵੀ ਪੰਜਾਬ ਪੁਲਿਸ ਅਪਣੇ ਪ੍ਰਭਾਵੀ ਪੁਲਿਸ ਤੰਤਰ ਲਈ ਦੇਸ ਵਿੱਚ ਪ੍ਰਸਿੱਧ ਸੀ ਅਤੇ ਇਸ ਦੀ ਪ੍ਰਸਿੱਧੀ ਨਿੱਜੀ ਰਹਨੁਮਾਈ ਦੇ ਨਿੱਜੀ ਉਦਾਹਰਣਾਂ ਰਾਹੀਂ ਅਤੇ ਇਹਨਾਂ ਸਾਰੀਆਂ ਸ਼ਾਨਦਾਰ ਰਵਾਇਤਾਂ ਅਨੁਸਾਸਨ ਅਤੇ ਉੱਚ ਦਰਜੇ ਦੇ ਪੇਸਾਵਰਾਨਾ ਨਜਰੀਏ ਕਾਰਨ ਲਗਾਤਾਰ ਵਾਧਾ ਹੋ ਰਿਹਾ ਹੈ।

1849 ਵਿੱਚ ਅੰਗ੍ਰੇਜੀ ਸਾਸਨ ਵਲੋਂ ਪੰਜਾਬ ਨੂੰ ਅਪਣੇ ਰਾਜ ਵਿੱਚ ਸਾਮਲ ਕਰਨ ਤੋਂ ਬਾਅਦ ਪੰਜਾਬ ਪੁਲਿਸ 1861 ਤੋਂ ਬਾਅਦ ਇਕ ਵੱਖਰੀ ਸੰਸਥਾ ਵਜੋਂ ਉਭਰ ਕੇ ਸਾਹਮਣੇ ਆਈ।

ਅਪਣੇ 150 ਸਾਲਾਂ ਦੇ ਇਤਿਹਾਸ ਵਿੱਚ ਪੁਲਿਸ ਫੋਰਸ ਨੇ ਰਾਜ ਵਿੱਚ ਕਈ ਔਖੇ ਪੜਾਵਾਂ ਦਾ ਸਾਹਮਣਾ ਕੀਤਾ ਹੈ। ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨਾਲ ਨਜਿੰਠਣ ਦੀ ਜਿੰਮੇਵਾਰੀ ਪੁਲਿਸ ਦੇ ਸਾਹਮਣੇ ਇੱਕ ਚੁਣੌਤੀ ਰਹੀ ਹੈ ਕਿਉਂਕੀ ਰਾਜ ਦੇ ਲੋਕ ਜਮਾਂਦਰੂ ਤੋਰ ਤੇ ਸੂਰਵੀਰ ਤੇ ਜੁਝਾਰੂ ਪ੍ਰਵਿਰਤੀ ਦੇ ਮਾਲਿਕ ਹਨ।

ਪੁਲਿਸ ਦੀ ਪੁਨਰਗਠੰਨ ਪ੍ਰਕਿਰਿਆ 1898 ਵਿੱਚ ਸੁਰੂ ਹੋਈ, ਜਦੋ ਕਿ ਇੰਸਪੈਕਟਰ ਜਨਰਲ ਦੀ ਅਸਾਮੀ ਤੇ ਸੇਨਾ ਦੇ ਅਧਿਕਾਰੀਆਂ ਦੀ ਨਿਯੁਕਤੀ ਦੀ ਪ੍ਰਥਾ ਬੰਦ ਕੀਤੀ ਗਈ ਪ੍ਰੰਤੂ ਅੰਗ੍ਰੇਜਾਂ ਵਲੋਂ ਸੰਨ 1902 ਵਿੱਚ ਇੰਡੀਅਨ ਪੁਲਿਸ ਕਮੀਸਨ ਦੀ ਸਥਾਪਨਾ ਕਰਕੇ ਪੁਲਿਸ ਪ੍ਰਣਾਲੀ ਵਿੱਚ ਖਾਮੀਆਂ ਦੀ ਸਨਾਖਤ ਕਰਨ ਲਈ ਇੱਕ ਸਾਰਥਕ ਯਤਨ ਕੀਤਾ ਗਿਆ ਸੀ। ਇਸ ਪ੍ਰਕਾਰ ਰਾਜ ਵਿੱਚ ਪੁਲਿਸ ਕਰਮੀਆਂ ਦੀ ਗਿਣਤੀ ਵਧਾਊਣ ਲਈ ਸਿਫਾਰਸ ਕੀਤੀ ਗਈ ਸੀ।

1891 ਵਿੱਚ ਫਿਲੌਰ ਵਿਖੇ ਪੁਲਿਸ ਟ੍ਰੇਨਿੰਗ ਸਕੂਲ ਦੀ ਸਥਾਪਨਾ ਅਤੇ ਉਸਤੋਂ ਉਪਰੰਤ ਫਿੰਗਰ ਪ੍ਰਿੰਟ ਸੈਕਸਨ ਚਾਲੂ ਕਰਨਾ ਪੰਜਾਬ ਪੁਲਿਸ ਦੀਆਂ ਪ੍ਰਾਪਤੀਆਂ ਵਿੱਚ ਸਾਮਲ ਹੈ।

50 ਦੇ ਦਹਾਕੇ ਦੇ ਅੰਤ ਵਿੱਚ ਪੰਜਾਬ ਪੁਲਿਸ ਵਿੱਚ ਵਧੇਰੇ ਸੁਧਾਰ ਕਰਨ ਦੀ ਜਰੂਰਤ ਮਹਿਸੂਸ ਕੀਤੀ ਗਈ ਸੀ। ਸਾਲ 1961 ਵਿੱਚ ਸਾਬਕਾ ਭਾਰਤ ਦੇ ਚੀਫ ਜਸਟੀਸ ਦੀ ਅਗਵਾਈ ਹੇਠ ਇੱਕ ਕਮੀਸਨ ਦੀ ਸਥਾਵਪਨਾ ਕੀਤੀ ਗਈ ਸੀ ਜਿਸਨੇ ਕਿ ਮਈ 1902 ਵਿੱਚ ਅਪਣੀ ਰਿਪੋਰਟ ਪੇਸ ਕੀਤੀ। ਇਸ ਕਮੀਸਨ ਦੀਆਂ ਸਿਫਾਰਸਾਂ ਵਿੱਚ ਪੁਲਿਸ ਫੋਰਸ ਦੀ ਸਕ੍ਰੀਨਿੰਗ, ਡਾਇਰੈਕਟਰ ਫਾਰੈਂਸਿਕ ਸਾਇੰਸ ਲਬਾਰਟਰੀ ਅਧੀਨ ਵਾਰਦਾਤ ਦੇ ਸੁਰਾਗਾਂ ਦੀ ਜਾਂਚ ਲਈ ਸਾਇੰਸ ਪ੍ਰਯੋਗਸਾਲਾ ਦੀ ਸਥਾਪਨਾ ਅਤੇ ਖੋਜ ਕੇਂਦਰ ਦੀ ਸਥਾਪਨਾ, ਮਨੁੱਖੀ ਵਸੀਲੇ ਵਿਕਾਸ ਦੀਆਂ ਬਿਅਤਰ ਸਕੀਮਾਂ ਚਾਲੂ ਕਰਨਾ ਸਾਮਲ ਸੀ।

ਉਦੋਂ ਤੋਂ ਹੁਣ ਤੱਕ ਰਾਜ ਵਿੱਚ ਪੁਲਿਸ ਫੋਰਸ ਨੇ ਬੜੀ ਤਰੱਕੀ ਕੀਤੀ ਹੈ। ਭਾਵੇਂ ਉਹ ਭਾਰਤ-ਪਾਕਿਸਤਾਨ ਦੀ ਵੰਡ ਦੌਰਾਨ ਲੱਖਾਂ ਦੀ ਗਿਣਤੀ ਵਿੱਚ ਜਨਸਮੂਹ ਦੇ ਵਟਾਂਦਰੇ ਦੇ ਅਤਿ ਸੰਵੇਦਨਸੀਲ ਵਾਕਿਆ ਨਾਲ ਨਜਿੱਠਣਾ ਹੋਵੇਂ ਜਾਂ 50 ਦੇ ਦਹਾਕੇ ਵਿੱਚ ਡਕੈਤੀਆਂ ਦੀਆਂ ਵਾਰਦਾਤਾਂ ਉਤੇ ਕਾਬੂ ਪਾਉਣਾ ਹੋਵੇ ਜਾਂ ਸੱਠਵਿਆਂ/ਸਤਰਵਿਆਂ ਵਿੱਚ ਨਕਸਲੀ ਹਿੰਸਾ ਦੇ ਮਾਮਲੇ ਹੋਣ, ਪੰਜਾਬ ਪੁਲਿਸ ਨੇ ਸਫਲਤਾਪੂਰਵਕ ਹਿੰਸਾ ਉੱਤੇ ਕਾਬੂ ਪਾਇਆ ਹੈ। ਬੋਰਡਰ ਸਕਿਓਰਟੀ ਫੋਰਸ ਦੀ ਸਥਾਪਨਾ ਤੋਂ ਪਹਿਲਾਂ ਪਾਕਿਸਤਾਨ ਨਾਲ ਲਗਦੀ ਬਹੁਤ ਜਾਇਦਾ ਵਸੋਂ ਵਾਲੀ ਗੈਰ-ਕੁਦਰਤੀ ਭੋਂ- ਵਾਲੀ ਸੀਮਾ ਅਤੇ ਗੈਰ-ਦੋਸਤਾਨਾ ਜਲਵਾਯੂ ਵਾਲੇ ਬੰਜਰ ਪਹਾੜੀ ਵਾਸੀਆਂ ਲੱਦਾਖ ਅਤੇ ਕਸਮੀਰ ਦੇ ਚੀਨ ਨਾਲ ਲਗਦੀਆਂ ਸੀਮਾਵਾਂ ਉੱਤੇ ਪੰਜਾਬ ਆਰਮਡ ਪੁਲਿਸ ਬਟਾਲੀਅਨਾਂ ਦੀ ਤਾਇਨਾਤੀ ਮੱਧ-ਸੱਠਵਿਆਂ ਤੱਕ ਕੀਤੀ ਜਾਂਦੀ ਰਹੀਸੀ। ਉਹਨਾਂ ਬਹਾਦਰ ਜਵਾਨਾਂ ਨੇ 1962 ਅਤੇ 1965 ਵਿੱਚ ਵਿਦੇਸੀਆਂ ਵਲੋਂ ਹਥਿਆਰਬੰਦ ਹਮਲਿਆਂ ਦਾ ਸਾਹਮਣਾ ਕੀਤਾ ਸੀ। ਪਿਛਲੇ ਕੁੱਝਕ ਸਾਲਾਂ ਦੌਰਾਨ ਪੰਜਾਬ ਪੁਲਿਸ ਨੇ ਪੰਜਾਬ ਵਿੱਚ ਦਹਸਿਤ ਵਾਦ ਦੇ ਖੂਨੀ ਦੌਰ ਦਾ ਸਫਲਤਾ-ਪੂਰਵਕ ਸਾਹਮਣਾ ਕੀਤਾ ਹੈ, ਜਿਸ ਵਿੱਚ 1981-1994 ਦੌਰਾਨ ਤਕਰੀਬਨ 20,000 ਲੋਕਾਂ ਨੇ ਅਪਣੀਆਂ ਜਾਨਾਂ ਗਵਾਈਆਂ ਸਨ। ਹੁਣ ਆਧੁਨਿਕ ਸੰਚਾਰ ਸਾਜੋ-ਸਮਾਨ, ਕਲਾਤਮਕ ਸੂਚਨਾ ਪ੍ਰਣਾਲੀ, ਵੱਧੀਆ ਉਪਕਰਣਾਂ ਨਾਲ ਲੈਸ, ਵਿਗਿਆਨਕ ਪ੍ਰਯੋਗਸਾਲਾਵਾਂ, ਅਧਿਕ ਜਵਾਬ ਦੇ ਪੁਲਿਸ ਅਧਿਕਾਰੀ ਪੰਜਾਬ ਪੁਲਿਸ ਦਾ ਇੱਕ ਹਿੱਸਾ ਬਣ ਚੁਕੇ ਹਨ।

ਇਹ ਇੱਕ ਦ੍ਰਿੜ ਵਿਸਵਾਸੀ, ਦਿਲਦਾਰ ਅਤੇ ਅਪਣੀ ਵਖਰੀ ਪਹਿਚਾਨ ਰਖਣ ਵਾਲੀ ਫੋਰਸ ਹੈ।